13

# ਮਸੀਹ ਦੇ ਗ਼ੁਲਾਮ

*''ਪਰ ਹੁਣ ਤੁਸਾਂ ਪਾਪ ਤੋਂ ਛੁੱਟ ਕੇ ਅਤੇ ਪਰਮੇਸ਼ੁਰ ਦੇ ਦਾਸ ਬਣ ਕੇ ਪਵਿੱਤਰਤਾਈ ਦੇ ਲਈ ਆਪਣਾ ਫਲ ਅਤੇ ਓੜਕ ਨੂੰ ਸਦੀਪਕ ਜੀਵਨ ਪਾਉਂਦੇ ਹੋ'' (ਰੋਮੀਆਂ 6:22)।*

ਕੁਝ ਸਮਾਂ ਪਹਿਲਾਂ ਮੈਂ ਇਕ ਲੜੀ ਵਿਚ ਇੰਜੀਲ ਦਾ ਸੰਦੇਸ਼ ਦੇਣ ਲਈ ਮੋਡੈਸਟੋ, ਕੈਲੀਫ਼ੋਰਨੀਆ ਵਿਚ ਸੀ। ਮੇਰਾ ਪਰਿਵਾਰ ਮੇਰੇ ਨਾਲ ਸੀ ਅਤੇ ਦੋ ਦਿਨ ਦੀ ਇੰਜੀਲੀ ਸਭਾ ਦੇ ਦੌਰਾਨ ਸਾਨੂੰ ਉੱਥੇ ਇਕ ਮਸੀਹੀ ਪਰਿਵਾਰ ਨੇ ਆਪਣੇ ਘਰ ਠਹਿਰਾਇਆ। ਉਨ੍ਹਾਂ ਨੇ ਮੈਨੂੰ ਅਤੇ ਸੂਜ਼ਨ ਨੂੰ ਕਾਫ਼ੀ ਵੱਡੇ ਬੈੱਡ ਰੂਮ ਵਿਚ ਰੱਖਿਆ। ਦੂਜੇ ਦਿਨ ਅਸੀਂ ਉਨ੍ਹਾਂ ਨਾਲ ਕਾਫ਼ੀ ਰੁੱਝੇ ਰਹੇ ਅਤੇ ਮੈਨੂੰ ਕਸਰਤ ਕਰਨ ਦਾ ਸਮਾਂ ਵੀ ਰਾਤ ਦੇ ਦਸ ਵਜੇ ਦੇ ਬਾਅਦ ਭਾਵ ਦੁਆ ਦੇ ਬਾਅਦ ਹੀ ਮਿਲ ਸਕਿਆ। ਅੱਧਾ ਘੰਟਾ ਸੈਰ ਕਰਨ ਦੇ ਬਾਅਦ ਘਰ ਪਹੁੰਚਣ ਤੇ ਰਾਤ ਕਾਫ਼ੀ ਹੋ ਚੁੱਕੀ ਸੀ। ਸਿਰਫ਼ ਬੈਠਕ ਦੀ ਰੌਸ਼ਨੀ ਹੀ ਚੱਲ ਰਹੀ ਸੀ। ਸਾਡੇ ਮੇਜ਼ਬਾਨਾਂ ਨੇ ਮੇਰੇ ਲਈ ਦਰਵਾਜ਼ਾ ਖੁੱਲ੍ਹਾ ਰੱਖਿਆ ਸੀ, ਇਸ ਲਈ ਮੈਂ ਸਾਹਮਣੇ ਦੇ ਦਰਵਾਜ਼ੇ ਤੋਂ ਉਸ ਸੌਣ ਵਾਲੇ ਕਮਰੇ ਵਿਚ ਗਿਆ ਜੋ ਉਨ੍ਹਾਂ ਨੇ ਸਾਨੂੰ ਦਿੱਤਾ ਹੋਇਆ ਸੀ। ਆਉਂਦੇ-ਆਉਂਦੇ ਮੈਂ ਬੈਠਕ ਨੂੰ ਸੌਣ ਦੇ ਕਮਰੇ ਵਿਚ ਬਦਲਿਆ ਵੇਖੇ ਬਗ਼ੈਰ ਰਹਿ ਨਾ ਸਕਿਆ। ਸੋਫ਼ੇ ਨੂੰ ਪਲੰਘ ਬਣਾਇਆ ਹੋਇਆ ਸੀ ਅਤੇ ਜੋੜਾ ਜਿਨ੍ਹਾਂ ਨੇ ਸਾਨੂੰ ਆਪਣੇ ਘਰ ਵਿਚ ਠਹਿਰਾਇਆ ਹੋਇਆ ਸੀ, ਉਸ ਸੋਫ਼ੇ ਤੇ ਸੌਂ ਰਹੇ ਸਨ। ਮੈਨੂੰ ਬੜਾ ਦੁੱਖ ਹੋਇਆ ਕਿ ਇਹ ਦੋਵੇਂ ਮਸੀਹੀ ਲੋਕ ਸਚਮੁੱਚ ਦੇ ਸੇਵਕ ਹਨ। ਉਨ੍ਹਾਂ ਨੇ ਸਾਨੂੰ ਆਪਣਾ ਸਭ ਤੋਂ ਵਧੀਆ ਖ਼ਵਾਬਗਾਹ ਦੇ ਦਿੱਤੀ ਸੀ ਅਤੇ ਆਪ ਬੈਠਕ ਵਿਚ ਸੌਂ ਰਹੇ ਸਨ। ਮਸੀਹੀ ਸੋਚ ਅਨੁਸਾਰ ਉਨ੍ਹਾਂ ਨੇ ਸਾਨੂੰ ਪਹਿਲ ਦੇ ਕੇ ਆਪਣੇ ਆਪ ਨੂੰ ਪਿੱਛੇ ਕਰ ਲਿਆ ਸੀ।

ਨਵੇਂ ਨੇਮ ਅਨੁਸਾਰ, ਇਸ ਜੋੜੇ ਨੂੰ ਕਲੀਸੀਆ ਦੀ ਤਸਵੀਰ ਹੋਣਾ ਚਹੀਦਾ ਹੈ। ਕਲੀਸੀਆ ਰਾਜਿਆਂ ਅਤੇ ਰਾਣੀਆਂ ਨਾਲ ਨਹੀਂ ਬਲਕਿ ਸੇਵਕਾਂ ਨਾਲ ਬਣਦੀ ਹੈ। ਸਾਡੇ ਮੁਕਤੀਦਾਤੇ ਅਤੇ ਕਲੀਸੀਆ ਦੇ ਸਿਰ ਨੇ ਕਿਹਾ ਹੈ, ''... ਜੋ ਕੋਈ ਤੁਹਾਡੇ ਵਿੱਚੋਂ ਸਰਦਾਰ ਬਣਨਾ ਚਾਹੇ ਸੋ ਤੁਹਾਡਾ ਕਾਮਾ ਹੋਵੇ। ਜਿਵੇਂ ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ'' (ਮੱਤੀ 20:27, 28)। ਇਸ ਵਿਚ ਕੋਈ ਅਨੋਖੀ ਗੱਲ ਨਹੀਂ ਹੈ ਕਿ ਪੌਲੁਸ ਨੇ ਮਸੀਹ ਦੇ ਚੇਲਿਆਂ ਲਈ ਲਿਖਿਆ, ''ਧੜੇ-ਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ ਸਗੋਂ ਤੁਸੀਂ ਅਧੀਨਗੀ ਨਾਲ ਇਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ। ਤੁਹਾਡੇ ਵਿੱਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ'' (ਫ਼ਿਲਿੱਪੀਆਂ 2:3, 4)। ਪਤਰਸ ਨੇ ਵੀ ਮਸੀਹ ਦੀ ਕਲੀਸੀਆ ਨੂੰ ਸਮਝਾਇਆ, ''ਤੁਸੀਂ ਅਜ਼ਾਦ ਹੋ ਕੇ ਆਪਣੀ ਅਜ਼ਾਦੀ ਨੂੰ ਬੁਰਿਆਈ ਦਾ ਪੜਦਾ ਨਾ ਬਣਾਓ ਸਗੋਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਗ਼ੁਲਾਮ ਜਾਣੋ'' (1 ਪਤਰਸ 2:16)।

ਕਲੀਸੀਆ ਨੂੰ ਜਦ ਤਕ ਅਸੀਂ ਮਸੀਹ ਦੇ ਸੇਵਕਾਂ ਦੀ ਦੇਹ ਦੇ ਰੂਪ ਵਿਚ ਨਹੀਂ ਮੰਨਦੇ, ਤਦ ਤਕ ਮਸੀਹ ਦੀ ਸੱਚੀ ਕਲੀਸੀਆ ਦੇ ਸੁਭਾਅ ਦੇ ਮੁੱਖ ਪਹਿਲੂ ਨੂੰ ਸਮਝਣਾ ਨਾਮੁਮਕਿਨ ਹੈ। ਕਲੀਸੀਆ ਦੇ ਅਰਥ ਅਤੇ ਜ਼ਿੰਦਗੀ ਵਿਚ ਸੇਵਕ ਹੋਣ ਦੀ ਧਾਰਣਾ ਦਾ ਡੂੰਘਾ ਸਬੰਧ ਹੈ। ਇਹ ਵਿਚਾਰ ਕਲੀਸੀਆ

ਦੇ ਮੋਢੀ ਅਤੇ ਮੁਖੀ ਮਸੀਹ ਤੋਂ ਸ਼ੁਰੂ ਹੁੰਦਾ ਹੈ ਅਤੇ ਹਰ ਮੈਂਬਰ ਲਈ ਵੱਖਰਾ ਸਟੈਂਡਰਡ ਠਹਿਰਾਉਂਦਾ ਹੈ।

ਕਲੀਸੀਆ ਦੀ ਇਸ ਖੂਬੀ ਦੀ ਖ਼ਾਸ ਮਹੱਤਤਾ ਕਰਕੇ, ਸਾਨੂੰ ਧਿਆਨ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਅਸੀਂ ਭਾਵ ਮਸੀਹ ਦੀ ਕਲੀਸੀਆ, ਮਸੀਹ ਦੇ ਸੇਵਕ ਬਣੀਏ।

## ਨਾਮ ਵਿਚ

ਪਹਿਲਾਂ ਅਸੀਂ ਆਪਣੇ ਨਾਮ ਵਿਚ ਸੇਵਕਾਂ ਦੇ ਰੂਪ ਵਿਚ ਆਪਣੀ ਭੂਮਿਕਾ ਨੂੰ ਵੇਖਦੇ ਹਾਂ। ਭਾਵ ਇਹ ਕਿ ਕਲੀਸੀਆ ਵਿਚ ਸੇਵਕਾਂ ਦੇ ਬਣੇ ਹੋਣ ਦੀ ਗੱਲ 'ਚ ਸੰਕੇਤ ਕਲੀਸੀਆ ਵਾਸਤੇ ਵਰਤੋਂ ਲਈ ਕੀਤੇ ਗਏ ਵਰਣਨਾਤਮਕ ਪ੍ਰਗਟਾਵੇ ਵੱਲੋਂ ਨਵੇਂ ਨੇਮ ਵਿਚ ਮਿਲਦਾ ਹੈ। ਜ਼ਾਹਿਰ ਹੈ ਕਿ ਮਸੀਹ ਆਪਣੇ ਲੋਕਾਂ ਨੂੰ ਸੇਵਕ ਬਣਾਉਣਾ ਚਾਹੁੰਦਾ ਸੀ ਨਹੀਂ ਤਾਂ ਉਹ ਆਪਣੀ ਕਲੀਸੀਆ ਨੂੰ ਐਨੀ ਮਹੱਤਤਾ ਵਾਲਾ ਨਾ ਬਣਾਉਂਦਾ।

ਉਸਨੇ ਆਪਣੇ ਸ਼ਗਿਰਦਾਂ ਨੂੰ ਇਕ ਸੇਵਕ ਦਾ ਨਮੂਨਾ ਬਣਾ ਕੇ ਸਚਮੁਚ ਮਹਾਨ ਹੋਣ ਦਾ ਅਰਥ ਦੱਸਿਆ, ''ਤੁਹਾਡੇ ਵਿਚ ਅਜਿਹਾ ਨਾ ਹੋਵੇ ਪਰ ਜੋ ਕੋਈ ਤੁਹਾਡੇ ਵਿੱਚੋਂ ਵੱਡਾ ਹੋਣਾ ਚਾਹੇ ਸੋ ਤੁਹਾਡਾ ਟਹਿਲੂਆ ਹੋਵੇ। ਅਤੇ ਜੋ ਕੋਈ ਤੁਹਾਡੇ ਵਿੱਚੋਂ ਸਰਦਾਰ ਬਣਿਆ ਚਾਹੇ ਸੋ ਤੁਹਾਡਾ ਕਾਮਾ ਹੋਵੇ'' (ਮੱਤੀ 20:25, 26)। ਮਸੀਹ ਦੇ ਅਨੁਸਾਰ, ਮਹਾਨ ਬਣਨ ਦਾ ਅਰਥ ਕੀਤੀ ਗਈ ਸੇਵਾ ਵਿਚ ਮਿਲਦਾ ਹੈ, ਇਸ ਗੱਲ ਨਾਲ ਨਹੀਂ ਕਿਸੇ ਦੇ ਕੋਲ ਕਿੰਨਾ ਧਨ, ਦੌਲਤ ਜਾਂ ਅਹੁਦਾ ਹੈ।

ਪੌਲੁਸ ਨੇ ਵਿਖਾਇਆ ਕਿ ਮਸੀਹ ਵਿਚ ਆਉਣ ਵੇਲੇ ਆਦਮੀ ਪਾਪ ਵਿਚ ਹੁੰਦਾ ਹੈ, ਪਰ ਮਨਬਦਲੀ ਦੇ ਬਾਅਦ ਉਹ ਧਾਰਮਿਕਤਾ ਦਾ ਦਾਸ ਬਣ ਜਾਂਦਾ ਹੈ। ਮਨਬਦਲੀ ਤੋਂ ਪਹਿਲਾਂ ਅਸੀਂ ਪਾਪ ਦੇ ਦਾਸ ਸਾਂ, ਪਰ ਮਨਬਦਲੀ ਦੇ ਬਾਅਦ ਅਸੀਂ ਧਾਰਮਿਕਤਾ ਦੇ ਦਾਸ ਹੋ ਗਏ (ਰੋਮੀਆਂ 6:17, 18)। ਮਸੀਹੀ ਲੋਕ ਆਪਣੀ ਨਹੀਂ ਸਗੋਂ ਖ਼ਾਸ ਸਰੂਪ ਤੇ ਖ਼ੁਦਾ ਦੀ ਨਿੱਜੀ ਜਾਇਦਾਦ ਹਨ: ''ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ'' (1 ਕੁਰਿੰਥੀਆਂ 6:20)। ਜ਼ਿੰਦਾ ਰਹੀਏ ਜਾਂ ਮਰੀਏ ਅਸੀਂ ਪ੍ਰਭੂ ਦੇ ਹਾਂ, ''ਸਾਡੇ ਵਿਚ ਨਾ ਤਾਂ ਕੋਈ ਆਪਣੇ ਲਈ ਜਿਉਂਦਾ ਹੈ, ਨਾ ਕੋਈ ਆਪਣੇ ਲਈ ਮਰਦਾ ਹੈ। ਇਸ ਲਈ ਜੇ ਅਸੀਂ ਜੀਵੀਏ ਤਾਂ ਪ੍ਰਭੂ ਦੇ ਲਈ ਜੀਉਂਦੇ ਹਾਂ ਅਰ ਜੇ ਅਸੀਂ ਮਰੀਏ ਤਾਂ ਪ੍ਰਭੂ ਦੇ ਲਈ ਮਰਦੇ ਹਾਂ। ਗੱਲ ਕਾਹਦੀ ਭਾਵੇਂ ਜੀਵੀਏ ਭਾਵੇਂ ਮਰੀਏ ਪਰ ਹਾਂ ਅਸੀਂ ਪ੍ਰਭੂ ਦੇ ਹੀ'' (ਰੋਮੀਆਂ 14: 7, 8)।

ਸਾਡੇ ਖ਼ੁਦਾ ਤੇ ਮਸੀਹ ਦੇ ਸੇਵਕ ਹੋਣ ਦੀ ਗੱਲ ਸਾਡੇ ਦੁਆਰਾ ਇਕ ਦੂਜੇ ਦੀ ਸੇਵਾ ਕਰਨ ਵਿਚ ਵੇਖੀ ਜਾਣੀ ਚਾਹੀਦੀ ਹੈ। ਇਸੇ ਲਈ ਸਾਨੂੰ ''ਮਸੀਹ ਦੇ ਭੌ ਵਿਚ ਇਕ ਦੂਏ ਦੇ ਅਧੀਨ'' ਰਹਿਣਾ ਚਾਹੀਦਾ ਹੈ (ਅਫ਼ਸੀਆਂ 5:21)। ਪੌਲੁਸ ਨੇ ਲਿਖਿਆ ਹੈ, ''ਜੇਕਰ ਤੇਰੇ ਭੋਜਨ ਕਰਕੇ ਤੇਰਾ ਭਰਾ ਦੁਖੀ ਹੁੰਦਾ ਹੈ ਤਾਂ ਤੂੰ ਅਜੇ ਪ੍ਰੇਮ ਨਾਲ ਨਹੀਂ ਚਲਦਾ ਹੈਂ। ਜਿਹਦੇ ਲਈ ਮਸੀਹ ਮੋਇਆ ਤੂੰ ਭੋਜਨ ਨਾਲ ਉਹਦਾ ਨਾਸ ਨਾ ਕਰ, ... ਜਿਹੜਾ ਇਸ ਬਿਧ ਨਾਲ ਮਸੀਹ ਦੀ ਸੇਵਾ ਕਰਦਾ ਹੈ ਉਹ ਤਾਂ ਪਰਮੇਸ਼ੁਰ ਨੂੰ ਭਾਉਂਦਾ ਅਤੇ ਮਨੁੱਖ ਨੂੰ ਪ੍ਰਵਾਨ ਹੁੰਦਾ ਹੈ'' (ਰੋਮੀਆਂ 14:15, 18)। ਇਸ ਲਈ ਮਸੀਹ ਦੇ ਸੇਵਕ ਹੋਣ ਕਰਕੇ ਸਾਨੂੰ ''ਭਰੱਪਣ ਦੇ ਪ੍ਰੇਮ ਵਿਚ ਇਕ ਦੂਏ ਨਾਲ ਗੂੜ੍ਹਾ ਹਿਤ ਰੱਖਣ, ਆਦਰ ਵਿਚ ਦੂਏ ਨੂੰ ਚੰਗਾ ਸਮਝਣ'' ਦਾ ਹੁਕਮ ਹੈ (ਰੋਮੀਆਂ 12:10)। ਸਾਨੂੰ ਇਹ ਵੀ ਹੁਕਮ ਮਿਲਿਆ ਹੈ ਕਿ ''ਤੁਸੀਂ ਤਾਂ ਅਜ਼ਾਦੀ ਲਈ ਸੱਦੇ ਗਏ ਸਾਓ ਪਰ ਆਪਣੀ ਅਜ਼ਾਦੀ ਨੂੰ ਸਰੀਰ ਲਈ ਔਸਰ ਜਾਣ ਕੇ ਨਾ ਵਰਤੋ ਸਗੋਂ ਪ੍ਰੇਮ ਦੇ ਰਾਹੀਂ ਇਕ ਦੂਏ ਦੀ ਟਹਿਲ ਸੇਵਾ ਕਰੋ'' (ਗਲਾਤੀਆਂ 5:13)।

ਮਸੀਹੀ ਸੇਵਕ ਸੰਸਾਰ ਵਿਚ ਉਸਦੀ ਮਰਜ਼ੀ ਪੂਰੀ ਕਰਨ ਲਈ ਹਨ। ਉਹ ਆਪਣੀ ਨਹੀਂ ਸਗੋਂ ਉਸਦੀ ਇੰਜੀਲ ਦਾ ਪ੍ਰਚਾਰ ਕਰਦੇ ਹਨ, ਉਹ ਉਸਦੇ ਉਦੇਸ਼ ਨੂੰ ਪੂਰਾ ਕਰਨ ਦੀ ਚਾਹ ਰੱਖਦੇ ਹਨ ਨਾ ਕਿ ਆਪਣੀਆਂ ਯੋਜਨਾਵਾਂ ਨੂੰ। ਪੌਲੁਸ ਦੇ ਨਾਲ ਉਹ ਆਖਦੇ ਹਨ, ''ਕੀ ਮੈਂ ਹੁਣ ਮਨੁੱਖਾਂ ਨੂੰ ਮਨਾਉਂਦਾ ਹਾਂ ਯਾ ਪਰਮੇਸ਼ੁਰ ਨੂੰ? ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਇਆ ਚਾਹੁੰਦਾ ਹਾਂ? ਜੇ ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ'' (ਗਲਾਤੀਆਂ 1:10)।

ਸਿਕੰਦਰ ਮਹਾਨ ਦੀ ਫ਼ੌਜ ਦੇ ਸਿਪਾਹੀ ਦੀ ਕਹਾਣੀ ਦਾ ਬਿਆਨ ਕੀਤਾ ਜਾਂਦਾ ਹੈ। ਉਸ ਜਵਾਨ ਸਿਪਾਹੀ ਦਾ ਪਹਿਲਾ ਨਾਂਅ ਸਿਕੰਦਰ ਸੀ। ਉਸਨੇ ਅਜਿਹੀ ਗ਼ਲਤੀ ਕੀਤੀ ਸੀ ਜੋ ਪੂਰੀ ਤਰ੍ਹਾਂ ਨਾਲ ਸਿਕੰਦਰ ਦੀ ਤਾਕਤਵਰ ਫ਼ੌਜ ਵਿਚ ਸਿਪਾਹੀ ਦੇ ਚਾਲ ਚਲਣ ਦੇ ਉਲਟ ਸੀ। ਉਸਦੀ ਬੁਰਾਈ ਦਾ ਪਤਾ ਲਗ ਗਿਆ, ਅਤੇ ਉਸ ਨੂੰ ਨਿਆਂ ਲਈ ਬਾਦਸ਼ਾਹ ਦੇ ਸਾਹਮਣੇ ਲਿਆਂਦਾ ਗਿਆ। ਸਿਕੰਦਰ ਨੇ ਉਹਦਾ ਨਾਂਅ ਪੁੱਛਿਆ। ਸਿਪਾਹੀ ਨੇ ਬੜੀ ਸਹਿਜਤਾ ਨਾਲ ਆਖ ਦਿੱਤਾ, ''ਸਿਕੰਦਰ।'' ਮਹਾਨ ਜਰਨੈਲ ਨੇ ਉਸਨੂੰ ਘੂਰਦਿਆਂ ਕਿਹਾ, ''ਜਵਾਨਾ, ਜਾਂ ਤਾਂ ਆਪਣੀ ਜ਼ਿੰਦਗੀ ਬਦਲ ਲੈ, ਜਾਂ ਫਿਰ ਨਾਂਅ।''

ਕਲੀਸੀਆ ਨੂੰ ਖ਼ੁਦਾ ਦੇ ਪਵਿੱਤਰ ਆਤਮਾ ਵੱਲੋਂ ਇਕ ਨਾਂਅ ਦਿੱਤਾ ਗਿਆ ਹੈ। ''ਕਲੀਸੀਆ, ਉਹੋ ਜਿਹੀ ਕਿਵੇਂ ਬਣ ਸਕਦੀ ਹੈ ਜਿਹੋ ਜਿਹੀ ਮਸੀਹ ਨੇ ਉਸ ਨੂੰ ਸੰਸਾਰ ਵਿਚ ਬਣਾਉਣਾ ਚਾਹਿਆ ਸੀ?'' ਦਾ ਜਵਾਬ ਪਵਿੱਤਰ ਲਿਖਤ ਵਿਚ ਫ਼ੈਸਲਾਕੁੰਨ ਢੰਗ ਨਾਲ ਦਿੱਤਾ ਗਿਆ ਹੈ: ''ਜਿਵੇਂ ਤੁਹਾਡਾ ਨਾਂਅ ਹੈ ਓਸੇ ਦੇ ਅਨੁਸਾਰ ਜ਼ਿੰਦਗੀ ਬਿਤਾਓ! ਜਿਸ ਨਾਂਅ ਨਾਲ ਤੁਹਾਨੂੰ ਜਾਣਿਆ ਜਾਂਦਾ ਹੈ ਓਸੇ ਤਰ੍ਹਾਂ ਦੇ ਬਣੋ। ਮਸੀਹ ਦੇ ਸੇਵਕ ਬਣ ਜਾਓ।''

ਵਿੰਸਟਨ ਚਰਚਿਲ ਨੇ ਕਿਹਾ ਸੀ, ''ਕਿਸੇ ਵਿਚ ਕੋਈ ਖੂਬੀ ਪੈਦਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਉਨ੍ਹਾਂ ਵਿਚ ਉਹ ਖੂਬੀ ਪਾ ਦਿੱਤੀ ਜਾਵੇ।'' ਖ਼ੁਦਾ ਸਾਨੂੰ ਆਪਣੇ ਸੇਵਕ ਕਹਿ ਕੇ ਸਾਡੇ ਵਿਚ ਉਹ ਗੁਣ ਪਾ ਕੇ ਆਪਣੇ ਲੋਕਾਂ ਵਿਚ ਸੇਵਕ ਹੋਣ ਦੇ ਗੁਣ ਭਰਦਾ ਹੈ।

ਜ਼ਾਹਿਰ ਹੈ, ਇਸ ਤੋਂ ਪਹਿਲਾਂ ਕਿ ਅਸੀਂ ਸੇਵਕ ਬਣੀਏ, ਇਹ ਜ਼ਰੂਰ ਹੈ ਕਿ ਸਾਡੀ ਸੋਚ ਓਸੇ ਤਰ੍ਹਾਂ ਦੀ ਬਣ ਜਾਵੇ ਜਿਹੋ ਜਿਹੀ ਸੇਵਕਾਂ ਦੀ ਹੁੰਦੀ ਹੈ। ਆਓ ਸੇਵਕ ਦੀ ਸੋਚ ਨੂੰ ਅਪਣਾਈਏ। ਇਨ੍ਹਾਂ ਪੁੱਛੋ ਕਿ, ''ਮੈਨੂੰ ਇਸ ਤੋਂ ਕੀ ਫ਼ਾਇਦਾ ਹੋਵੇਗਾ?'' ਸਗੋਂ ਇਹ ਪੁੱਛੋ, ''ਮੈਂ ਆਪਣੇ ਭਰਾ ਦੀ ਮਦਦ ਕਿਵੇਂ ਕਰ ਸਕਦਾ ਹਾਂ?'' ਮਸੀਹ ਵਿਚ ਵਧਣ ਅਤੇ ਵਿਸ਼ਵਾਸ ਵਿਚ ਮਜ਼ਬੂਤ ਹੋਣ 'ਚ ਮੈਂ ਕੀ ਮਦਦ ਕਰ ਸਕਦਾ ਹਾਂ? ਇਹ ਨਾ ਕਹੋ, ''ਪ੍ਰਭੂ ਤੁਸੀਂ ਹੁਣੇ ਹੁਣੇ ਮੇਰੇ ਲਈ ਕੀ ਕੀਤਾ ਹੈ?'' ਸਗੋਂ ਕਹੋ, ''ਪ੍ਰਭੂ ਜੀ, ਮੈਂ ਆ ਗਿਆ ਹਾਂ। ਮੈਨੂੰ ਘੱਲ।''

## ਇੱਛਿਆ ਵਿਚ

ਅਸੀਂ ਮਸੀਹ ਦੇ ਸੇਵਕ ਸਿਰਫ਼ ਨਾਂਅ 'ਚ ਹੀ ਨਹੀਂ ਸਗੋਂ ਇੱਛਿਆ ਵਿਚ ਵੀ ਹਾਂ। ਉਹਦੀ ਸੱਚੀ ਕਲੀਸੀਆ ਵਿਚ ਹੋਰ ਕੋਈ ਇੱਛਿਆ ਨਹੀਂ। ਹੋਰ ਸਭ ਖ਼ਾਹਿਸ਼ਾਂ ਤੋਂ ਵਧ ਕੇ ਉਹਦੇ ਲੋਕ ਉਹਦੀ ਸੇਵਾ ਕਰਨਾ ਚਾਹੁੰਦੇ ਹਨ।

ਮਸੀਹ ਦੇ ਆਉਣ ਤੋਂ ਪਹਿਲਾਂ, ਸਾਨੂੰ ਕੋਈ ਉਮੀਦ ਨਹੀਂ ਸੀ ਅਤੇ ਅਸੀਂ ਅਬਦੀ ਨਿਰਾਸ਼ਾ ਵਿਚ ਸਾਂ। ਕੋਈ ਸਾਡੀ ਮਦਦ ਨਹੀਂ ਕਰ ਸਕਦਾ ਸੀ। ਮਨੁੱਖ ਦਾ ਬਣਾਇਆ ਕੋਈ ਤਰੀਕਾ ਸਾਡੀ ਮੁਕਤੀ ਦੇ ਕਿਸੇ ਕੰਮ ਦਾ ਨਹੀਂ ਸੀ। ਸਭ ਯੂਨੀਵਰਸਿਟੀਆਂ ਅਤੇ ਸਿੱਖਿਆ ਕੇਂਦਰਾਂ ਦੀ ਪੜ੍ਹਾਈ ਸਾਨੂੰ ਬਚਾਏ ਜਾਣ ਦਾ ਕੋਈ ਰਾਹ ਨਹੀਂ ਵਿਖਾ ਸਕਦੀਆਂ। ਸਾਡੇ ਲਈ ਇੱਕੋ ਇਕ ਸੰਭਾਵਨਾ ਖ਼ੁਦਾ ਦੀ ਦਖ਼ਲਅੰਦਾਜ਼ੀ ਹੈ।

ਫਿਰ ਖ਼ੁਦਾ ਨੇ ਮਸੀਹ ਨੂੰ ਸਾਡੇ ਸੁਰਗੀ ਮੁਕਤੀਦਾਤੇ ਦੇ ਰੂਪ ਵਿਚ ਇਸ ਧਰਤੀ ਤੇ ਭੇਜਿਆ। ਉਹ

ਖ਼ੁਦਾਈ ਦਾ ਦੂਜਾ ਸ਼ਖ਼ਸ ਹੋਣ ਦੇ ਬਾਵਜੂਦ ਪੂਰੀ ਤਰ੍ਹਾਂ ਨਾਲ ਮਨੁੱਖ ਬਣ ਗਿਆ। ਖ਼ੁਦਾ ਦੇ ਰੂਪ ਵਿਚ ਸਦੀਪਕ ਕਾਲ ਵਿਚ ਉਹ ਆਪਣੀ ਮਹਿਮਾ ਦਾ ਥਾਂ ਛੱਡ ਕੇ ਆ ਗਿਆ ਅਤੇ ਸਾਡੇ ਵਰਗਾ ਬਣ ਗਿਆ, ਤਾਂ ਜੋ ਸਾਡੇ ਲਈ ਮੌਤ ਦਾ ਸੁਆਦ ਚੱਖੇ (ਇਬਰਾਨੀਆਂ 2:9)। ਉਹ ਨਿਰਸੁਆਰਥ ਰੂਪ ਨਾਲ ਸੁਰਗ ਦੀ ਮਹਿਮਾ ਛੱਡ ਕੇ ਧਰਤੀ ਦੀ ਕੰਗਾਲੀ ਵਿਚ ਆ ਗਿਆ। ਉਹ ਪੂਰੀ ਤਰ੍ਹਾਂ ਨਾਲ ਐਨਾ ਮਨੁੱਖ ਗਿਆ ਕਿ ਉਸਨੇ ਹਰ ਤਰ੍ਹਾਂ ਦੇ ਦੁੱਖ ਉਵੇਂ ਹੀ ਸਹੇ ਜਿਵੇਂ ਅਸੀਂ ਸਹਿੰਦੇ ਹਾਂ। ਅਤੇ ਉਹੀ ਮੌਤ ਝੱਲੀ ਜਿਵੇਂ ਸਾਡੇ ਸਭ ਤੇ ਆਉਂਦੀ ਹੈ। ਉਸਨੇ ਇਹ ਸਭ ਇਸ ਲਈ ਕੀਤਾ ਤਾਂ ਜੋ ਸਾਡੇ ਸਾਹਮਣੇ ਕਾਮਿਲ ਜ਼ਿੰਦਗੀ ਦੀ ਉਦਾਹਰਣ ਪੇਸ਼ ਕਰ ਸਕੇ ਅਤੇ ਸਾਡੇ ਲਈ ਪਾਪ ਦੀ ਕੁਰਬਾਨੀ ਦੇ ਰੂਪ ਵਿਚ ਆਪਣੀ ਜ਼ਿੰਦਗੀ ਦੇ ਸਕੇ ਪਾਪ ਦਾ ਸਾਡਾ ਦੋਸ਼ ਇਕ ਕਰਜ਼ਾ ਬਣ ਗਿਆ ਸੀ ਜਿਸ ਨੂੰ ਸਿਰਫ਼ ਖ਼ੁਦਾ ਦੇ ਪੁੱਤਰ ਦੇ ਪਾਪ ਰਹਿਤ ਜੀਵਨ ਨਾਲ ਹੀ ਚੁਕਾਇਆ ਜਾ ਸਕਦਾ ਸੀ।

ਉਸ ਨੂੰ ਇਸ ਧਰਤੀ ਤੇ ਇਕ ਪਲ ਵੀ ਕੱਟਣ ਦੀ ਲੋੜ ਨਹੀਂ ਸੀ, ਪਰ ਉਹ ਇੱਥੇ ਆ ਗਿਆ। ਕਿਉਂਕਿ ਉਹ ਸਾਨੂੰ ਪਿਆਰ ਕਰਦਾ ਸੀ ਅਤੇ ਸਾਨੂੰ ਬਚਾਉਣਾ ਚਾਹੁੰਦਾ ਸੀ। ਉਸਨੂੰ ਦੁੱਖ ਅਤੇ ਤਕਲੀਫ਼ ਝੱਲਣ ਦੀ ਕੋਈ ਲੋੜ ਨਹੀਂ ਸੀ, ਪਰ ਸਾਡੇ ਬਚਾਉਣ ਲਈ ਉਹ ਸਲੀਬ ਦੀ ਬੇਇੰਤਹਾ ਤਕਲੀਫ਼ ਝੱਲਣ ਆ ਗਿਆ। ਬੇਸ਼ੱਕ ਸਲੀਬ ਤੇ ਮਰਨ ਲਈ ਉਸਨੂੰ ਪਿਤਾ ਨੇ ਜ਼ਬਰਦਸਤੀ ਨਾਲ ਨਹੀਂ ਘੱਲਿਆ ਸੀ, ਪਰ ਆਇਆ ਉਹ ਆਪਣੀ ਮਰਜ਼ੀ ਨਾਲ ਸੀ ਕਿਉਂਕਿ ਉਹ ਸਾਨੂੰ ਬਚਾਉਣਾ ਚਾਹੁੰਦਾ ਸੀ (ਯੂੰਹਨਾ 10:18)। ਸਾਡੇ ਲਈ ਉਸਦੇ ਪਿਆਰ ਵਿਚ ਕੋਈ ਗੁਪਤ ਏਜੰਡਾ ਨਹੀਂ ਸੀ, ਭਾਵ ਕੋਈ ਨਿੱਜੀ ਜਾਂ ਸੁਆਰਥੀ ਯੋਜਨਾ ਨਹੀਂ ਸੀ, ਕੋਈ ਝੂਠਾ ਵਿਖਾਵਾ ਨਹੀਂ ਸੀ ਬਲਕਿ ਪਵਿੱਤਰਤਾਈ ਅਤੇ ਸੱਚਾਈ ਸੀ।

ਇਸ ਲਈ ਅਸੀਂ ਯਿਸੂ ਦੇ ਐਨੇ ਕਰਜ਼ਾਈ ਹਾਂ ਜਿਸਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਪਹਿਲੀ ਗੱਲ, ਸਾਨੂੰ ਉਹਦੇ ਰਾਹੀਂ *ਛੁਟਕਾਰਾ* ਮਿਲਿਆ ਹੈ: ''ਜਿਹਦੇ ਵਿਚ ਉਸਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ'' (ਅਫ਼ਸੀਆਂ 1:7); ''... ਤੁਸੀਂ ਜੋ ... ਨਿਸਤਾਰਾ ਪਾਇਆ ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ। ਸਗੋਂ ਮਸੀਹ ਦੇ ਅਮੋਲਕ ਲਹੂ ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ'' (1 ਪਤਰਸ 1:18, 19)।

ਦੂਜਾ, ਸਾਨੂੰ ਉਹਦੇ ਵੱਲੋਂ ਇਕ *ਦਾਨ* ਮਿਲਿਆ ਹੈ। ਸਾਡੀਆਂ ਯੋਗਤਾਵਾਂ ਅਤੇ ਦੌਲਤਾਂ ਉਹਦੇ ਵੱਡਮੁੱਲੇ ਦਾਨ ਹੀ ਹਨ। ''... ਤੇਰੇ ਕੋਲ ਕੀ ਹੈ ਜੋ ਤੈਂ ਦੂਏ ਤੋਂ ਨਹੀਂ ਲਿਆ? ਪਰ ਜੇ ਤੈਂ ਲਿਆ ਵੀ ਤਾਂ ਅਭਮਾਨ ਕਾਹਨੂੰ ਕਰਦਾ ਹੈਂ ਭਈ ਜਾਣੀਦਾ ਲਿਆ ਹੀ ਨਹੀਂ?'' (1 ਕੁਰਿੰਥੀਆਂ 4:7)।

ਤੀਜਾ, ਉਹਨੇ ਸਾਨੂੰ *ਪਛਾਣ* ਦਿੱਤੀ ਹੈ। ਉਹਦੇ ਲਹੂ ਦੇ ਰਾਹੀਂ ਬਚਾਏ ਜਾ ਕੇ ਉਹਦੀ ਕਿਰਪਾ ਨਾਲ ਉਹਦੀ ਸੇਵਾ ਲਈ ਦਾਨ ਪਾ ਕੇ, ਅਸੀਂ ਉਹਦੇ ਭੰਡਾਰੀ ਬਣ ਗਏ ਹਾਂ। ਅਸੀਂ ਮੁਕੰਮਲ ਤੌਰ ਤੇ ਓਸੇ ਦੇ ਹਾਂ। ਅਸੀਂ ਆਪਣੀ ਕਿਸੇ ਵੀ ਚੀਜ਼ ਨੂੰ ਆਪਣਾ ਨਹੀਂ ਕਹਿੰਦੇ। ਸਿਰ ਦੇ ਵਾਲਾਂ ਤੋਂ ਲੈਕੇ ਪੈਰਾਂ ਦੀਆਂ ਤਲੀਆਂ ਤਕ ਅਸੀਂ ਓਸੇ ਦੀ ਦੌਲਤ ਹਾਂ। ਸਾਡੀ ਇੱਕੋ ਇਕ ਇੱਛਾ ਉਹਦੀ ਸੇਵਾ ਕਰਨਾ ਹੀ ਹੈ। ਜੋ ਕੁਝ ਉਹਨੇ ਸਾਡੇ ਲਈ ਕੀਤਾ ਹੈ ਉਹਦੇ ਕਰਕੇ ਸਾਡੇ ਲਈ ਇਹ ਕਰਨਾ ਬੇਹੱਦ ਜ਼ਰੂਰੀ ਹੈ।

ਇਕ ਗ਼ੁਲਾਮ ਕੁੜੀ ਦੀ ਕਹਾਣੀ ਹੈ ਜਿਸਨੂੰ ਅਮਰੀਕੀ ਗ੍ਰਹਿਯੁੱਧ ਤੋਂ ਥੋੜ੍ਹਾ ਪਹਿਲਾਂ ਨੀਲਾਮ ਕੀਤਾ ਜਾਣਾ ਸੀ। ਉਹ ਮੁਟਿਆਰ ਸੀ। ਗ਼ੁਲਾਮ ਨਾ ਹੁੰਦੀ ਤਾਂ ਉਸਨੂੰ ਜ਼ਿੰਦਗੀ ਖ਼ੁਸ਼ੀਆਂ ਭਰੀ ਲੱਗਦੀ। ਉਹ ਇਕ ਸੁੱਖਦਾਈ ਸਫ਼ਰ ਸ਼ੁਰੂ ਕਰਦਿਆਂ ਭਵਿੱਖ ਵਿਚ ਪ੍ਰਵੇਸ਼ ਕਰਦੀ। ਪਰ ਉਹ ਤਾਂ ਗ਼ੁਲਾਮ ਸੀ ਅਤੇ ਉਹਦੀਆਂ ਅੱਖਾਂ ਵਿਚ ਉਹਦੇ ਮਨ ਦਾ ਖ਼ੌਫ਼ ਨਜ਼ਰ ਆਉਂਦਾ ਸੀ। ਉਹ ਬੋਲੀ ਲਾ ਕੇ ਖਰੀਦਣ ਨੂੰ ਤਿਆਰ ਭੀੜ ਨੂੰ ਵੇਖ ਕੇ ਆਪਣੇ ਭਵਿੱਖ ਬਾਰੇ ਸੋਚ ਕੇ ਕੰਬ ਗਈ। ਛੇਤੀ ਹੀ ਬੋਲੀ ਕਰਾਉਣ ਵਾਲੇ ਦੀ

ਜ਼ੋਰਦਾਰ ਅਵਾਜ਼ ਹਵਾ ਵਿਚ ਗੂੰਜਣ ਲੱਗੀ, ਬੋਲੀ ਵੱਧਦੀ ਗਈ। ਅਖੀਰ, ਬੋਲੀ ਰੁਕ ਗਈ ਅਤੇ ਬੋਲੀ ਕਰਵਾਉਣ ਵਾਲੇ ਦੀ ਪ੍ਰਭਾਵਸ਼ਾਲੀ ਅਤੇ ਤ੍ਰਾਹ ਕੱਢਣ ਵਾਲੀ ਅਵਾਜ਼ ਵਿਚ ''ਵਿਕ ਗਈ'' ਕਹਿਣ ਨਾਲ ਭੀੜ ਖਾਮੋਸ਼ ਹੋ ਗਈ। ਇਸ ਸ਼ਬਦ ਨਾਲ, ਟਿਕਟਿਕੀ ਲਾਏ ਹੋਏ ਉਹ ਮੁਟਿਆਰ ਕੰਬ ਗਈ ਅਤੇ ਭੀੜ ਵੱਲ ਵੇਖਣ ਲੱਗੀ ਕਿ ਉਸਨੂੰ ਆਪਣੀ ਜਾਇਦਾਦ ਬਣਾਉਣ ਵਾਲਾ ਕੌਣ ਆ ਰਿਹਾ ਹੈ। ਇਕ ਅਧੇੜ ਉਮਰ ਦਾ ਆਦਮੀ ਭੀੜ ਵਿੱਚੋਂ ਨਿਕਲਿਆ। ਉਸਨੇ ਅੱਗੇ ਆਣ ਕੇ ਬੋਲੀ ਦੀ ਰਕਮ ਚੁਕਾ ਦਿੱਤੀ। ਫਿਰ ਉਹ ਮੁੜ ਕੇ ਉਹਦੇ ਵੱਲ ਵਧਿਆ। ਉਸਦਾ ਹੱਥ ਫੜ ਕੇ ਉਹ ਭੀੜ ਵਿੱਚੋਂ ਉਸ ਨੂੰ ਲੈ ਗਿਆ। ਉਸਨੇ ਬਗ਼ੈਰ ਕੁਝ ਕਹੇ, ਕਾਗ਼ਜ਼ ਦਾ ਇਕ ਟੁਕੜਾ ਕੱਢਿਆ ਅਤੇ ਉਸ ਉੱਤੇ ਲਿਖ ਦਿੱਤਾ, ''ਅੱਜ ਦੇ ਦਿਨ ਮੈਂ ਤੈਨੂੰ ਖ਼ਰੀਦ ਲਿਆ ਹੈ, ਅਤੇ ਤੇਰੀ ਅਜ਼ਾਦੀ ਤੈਨੂੰ ਮੋੜ ਦਿੱਤੀ ਗਈ ਹੈ।'' ਹੇਠਾਂ ਉਸਨੇ ਆਪਣੇ ਦਸਤਖ਼ਤ ਕਰਕੇ ਉਸ ਕੁੜੀ ਨੂੰ ਅਜ਼ਾਦ ਕਰਨ ਦਾ ਦਸਤਾਵੇਜ਼ ਫੜਾ ਦਿੱਤਾ। ਕੰਬਦੇ ਹੱਥਾਂ ਅਤੇ ਥਰਥਰਾਉਂਦਿਆਂ, ਭਾਵੁਕ ਹੋਈ ਉਸ ਕੁੜੀ ਨੇ ਹੈਰਾਨੀ ਨਾਲ ਕਿ ਇਹ ਖ਼ਾਬ ਨਹੀਂ ਬਲਕਿ ਹਕੀਕਤ ਹੈ, ਉਸ ਕਾਗਜ਼ ਨੂੰ ਹਿੱਕ ਨਾਲ ਲਾ ਲਿਆ। ਫਿਰ ਇਸਦਾ ਅਹਿਸਾਸ ਹੋਣ ਤੇ ਉਹ ਡਿੱਗ ਪਈ ਅਤੇ ਉਹਦੇ ਪੈਰ ਫੜ ਕੇ ਕਹਿਣ ਲੱਗੀ, ''ਮਹਾਰਾਜ, ਮੈਂ ਖੁਸ਼ੀ ਨਾਲ, ਆਪਣੀ ਮਰਜ਼ੀ ਨਾਲ ਅਤੇ ਅਜ਼ਾਦੀ ਨਾਲ ਤੁਹਾਡੀ ਦਾਸੀ ਬਣਕੇ ਰਹਾਂਗੀ।''

ਕਲੀਸੀਆ ਦੀ ਤਸਵੀਰ ਇਸ ਕੁੜੀ ਵਰਗੀ ਹੀ ਹੈ। ਅਸੀਂ ਪਾਪ ਦੇ ਗ਼ੁਲਾਮ ਸਾਂ ਸਾਡੀਆਂ ਜ਼ਿਦਗੀਆਂ ਸ਼ੈਤਾਨ ਦੇ ਬੰਧਨ ਵਿਚ ਪਈਆਂ ਹੋਈਆਂ ਸਨ, ਉਸਦੀਆਂ ਬੁਰੀਆਂ ਖ਼ਾਹਿਸ਼ਾਂ ਦੇ ਵੱਸ ਵਿਚ ਸਾਂ, ਪਰ ਯਿਸੂ ਨੇ ਸਾਨੂੰ ਆਪਣੇ ਲਹੂ ਨਾਲ ਮੁੱਲ ਲੈ ਕੇ ਅਜ਼ਾਦ ਕਰ ਦਿੱਤਾ। ਉਸ ਨੇ ਜੋ ਕੁਝ ਸਾਡੇ ਲਈ ਕੀਤਾ ਹੈ ਹੁਣ ਅਸੀਂ ਉਸਦੇ ਲਈ ਹਮੇਸ਼ਾ ਰਹਿਣ ਵਾਲੇ ਪਿਆਰ ਅਤੇ ਉਸਦੀ ਤਾਰੀਫ਼ ਵਿਚ ਉਹਦੇ ਵਫ਼ਾਦਾਰ ਹਾਂ।

ਜੋ ਵੀ ਮਸੀਹੀ, ਮਸੀਹ ਦਾ ਸੇਵਕ ਬਣਨ ਦੀ ਇੱਛਿਆ ਨਹੀਂ ਕਰਦਾ ਉਹ ਮਸੀਹ ਦਾ ਕਰਜ਼ਾ ਨਹੀਂ ਮੋੜਦਾ। ਉਸਦੇ ਬਗ਼ੈਰ ਅਸੀਂ ਕੁਝ ਵੀ ਨਹੀਂ ਹੋਵਾਂਗੇ। ਮਨ ਵਿਚ ਇਕ ਸਿਫ਼ਰ ਬਣਾਓ ਅਤੇ ਉਸ ਸਿਫ਼ਰ ਦੇ ਛੇਕ ਨੂੰ ਤਦ ਤਕ ਵੱਡਾ ਕਰਦੇ ਰਹੋ ਜਦ ਤਕ ਉਹ ਧਰਤੀ ਜਿੰਨਾ ਵੱਡਾ ਨਾ ਹੋ ਜਾਵੇ। ਸਿਫ਼ਰ ਹੀ ਹੈ ਜਿਸ ਨਾਲ ਇਹ ਸਮਝਾਇਆ ਜਾ ਸਕਦਾ ਹੈ ਕਿ ਮਸੀਹ ਦੇ ਬਗ਼ੈਰ ਅਸੀਂ ਕਿਹੋ ਜਿਹੇ ਹੋਵਾਂਗੇ! ਮਸੀਹ ਤੋਂ ਬਗ਼ੈਰ ਅਸੀਂ ਸਿਫ਼ਰ ਤੋਂ ਵੀ ਘੱਟ ਸਾਂ। ਜੋ ਕੁਝ ਮਸੀਹ ਨੇ ਸਾਡੇ ਲਈ ਕੀਤਾ ਹੈ ਉਹਦਾ ਅਹਿਸਾਸ ਸਾਨੂੰ ਹਰ ਰੋਜ਼ ਉਹਦੀ ਸੇਵਾ ਵਿਚ ਸ਼ੁਕਰਗੁਜ਼ਾਰੀ ਕਰਨ ਲਈ ਮਜਬੂਰ ਕਰਨ ਲਈ ਮਜਬੂਰ ਕਰਦਾ ਹੈ।

## ਦਿਖਾਉਣ ਵਾਸਤੇ

ਤੀਜਾ, ਅਸੀਂ ਜੋ ਮਸੀਹ ਦੀ ਕਲੀਸੀਆ ਹਾਂ, ਮਸੀਹ ਦੇ ਸੇਵਕ ਹਾਂ। ਜਿਹੜੀ ਜ਼ਿੰਦਗੀ ਜੀਣ ਲਈ ਸਾਨੂੰ ਸੱਦਿਆ ਗਿਆ ਹੈ, ਜੋ ਮਕਸਦ ਸਾਨੂੰ ਮਿਲਿਆ ਹੈ ਅਤੇ ਜੋ ਪੈਗਾਮ ਅਸੀਂ ਦਿੰਦੇ ਹਾਂ, ਉਸ ਵਿਚ ਸੇਵਕ ਹੋਣ ਦੀ ਰੂਹ ਨਜ਼ਰ ਆਉਂਦੀ ਹੈ।

ਸੇਵਕ ਹੋਣਾ ਮਸੀਹੀ ਜ਼ਿੰਦਗੀ ਦੀ ਪਛਾਣ ਹੈ। ਇਹ ਇਸ ਲਈ ਸੱਚ ਹੈ ਕਿਉਂਕਿ ਮਸੀਹੀ ਜ਼ਿੰਦਗੀ ਦਾ ਮਤਲਬ ''ਮਸੀਹ ਸਾਡੇ ਵਿਚ ਜ਼ਿੰਦਾ'' ਹੈ ਅਤੇ ਮਸੀਹ ਦੁਨੀਆਂ ਦੇ ਸਭ ਸੇਵਕਾਂ ਵਿੱਚੋਂ ਸਭ ਤੋਂ ਵੱਡਾ ਸੇਵਕ ਸੀ। ਪੌਲੁਸ ਨੇ ਲਿਖਿਆ ਹੈ, ''ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ'' (ਗਲਾਤੀਆਂ 2:20)। ਸਾਨੂੰ ਪੌਲੁਸ ਨੂੰ

ਸੇਵਕ ਵਾਲੀ ਜ਼ਿੰਦਗੀ ਕੱਟਦਿਆਂ ਵੇਖ ਕੇ ਹੈਰਾਨ ਨਹੀਂ ਹੋਣਾ ਚਾਹੀਦਾ ਕਿਉਂਕਿ ਉਹ ਸੁਆਰਥ ਰਹਿਤ ਸੀ ਅਤੇ ਉਹਦੀ ਜ਼ਿੰਦਗੀ ਕੁਰਬਾਨੀ ਭਰੀ ਸੀ ਭਾਵ ਨਾ ਉਸ ਵਿਚ ਸੁਆਰਥ ਸੀ ਅਤੇ ਨਾ ਹੀ ਆਪਣੀ ਸੇਵਾ ਕਰਨ ਦੀ ਗੱਲ। ਉਸਨੇ ਉਸ ਵਿਚ ਸਾਨੂੰ ਲਿਖਿਆ ਹੈ, ''ਤੁਹਾਡਾ ਉਹੋ ਸੁਭਾਅ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ'' (ਫ਼ਿਲਿੱਪੀਆਂ 2:5)। ਜੇ ਅਸੀਂ ਉਹਦੀ ਸਿੱਖਿਆ ਨੂੰ ਮੰਨਦੇ ਹਾਂ ਅਤੇ ਮਸੀਹ ਵਾਲਾ ਮਨ ਰੱਖਦੇ ਹਾਂ ਤਾਂ ਅਸੀਂ ਦੂਜਿਆਂ ਬਾਰੇ ਹੀ ਸੋਚਾਂਗੇ ਅਤੇ ਦੂਜਿਆਂ ਲਈ ਜੀਆਂਗੇ:

> ... ਉਸ ਨੇ ਪਰਮੇਸ਼ੁਰ ਦੇ ਸਰੂਪ ਵਿਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿਚ ਜੰਮਿਆ ਅਤੇ ਮਨੁੱਖ ਦੀ ਸ਼ਕਲ ਵਿੱਖਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ (ਫ਼ਿਲਿੱਪੀਆਂ 2:6-8)।

ਮਸੀਹ ਦਾ ਮਨ ਆਪਣੇ ਆਪ ਨੂੰ ਖ਼ਾਲੀ ਕਰਨ ਵਾਲਾ ਸੀ। ਉਸਨੇ ਆਪਣੀ ਸੁਰਗੀ ਵਡਿਆਈ ਨੂੰ ਇਕ ਪਾਸੇ ਰੱਖ ਕੇ, ਮਨੁੱਖਾਂ ਭਾਵ ਆਪਣੀ ਰਚਨਾ ਦਾ ਸੇਵਕ ਬਣ ਕੇ ਮਨੁੱਖ ਦੇ ਬਚਾਉਣ ਲਈ ਆਪਣੇ ਆਪ ਨੂੰ ਸਲੀਬ ਵਾਸਤੇ ਦੇ ਦਿੱਤਾ। ਉਸਦੇ ਵਾਂਙੂੰ ਜੀਣ ਲਈ ਸੇਵਕ ਬਣ ਕੇ ਹੀ ਜੀਣਾ ਹੋਏਗਾ।

ਜਿਹੜਾ ਮਕਸਦ ਮਸੀਹ ਨੇ ਆਪਣੇ ਲੋਕਾਂ ਨੂੰ ਦਿੱਤਾ ਹੈ, ਉਸਨੂੰ ਸੇਵਕ ਬਣੇ ਬਗ਼ੈਰ ਪੂਰਾ ਨਹੀਂ ਕੀਤਾ ਜਾ ਸਕਦਾ। ਆਪਣੇ ਚੇਲਿਆਂ ਨੂੰ ਸੀਮਿਤ ਆਗਿਆ (ਲਿਮਿਟਿਡ ਕਮੀਸ਼ਨ) ਦੇ ਕੇ ਘੱਲਦਿਆਂ ਯਿਸੂ ਨੇ ਕਿਹਾ ਸੀ, ''ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ'' (ਮੱਤੀ 10:8)। ਗ੍ਰੇਟ ਕਮਿਸ਼ਨ ਭਾਵ ਸੰਸਾਰ ਵਿਆਪੀ ਮਹਾਨ ਆਗਿਆ ਦਿੰਦਿਆਂ, ਉਸਨੇ ਉਨ੍ਹਾਂ ਨੂੰ ਸੇਵਕ ਦਾ ਕੰਮ ਸੌਂਪਿਆ ਸੀ: ''ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖਬਰੀ ਦਾ ਪ੍ਰਚਾਰ ਕਰੋ'' (ਮਰਕੁਸ 16:15)। ਉਹਦੇ ਹੁਕਮ ਨੂੰ ਪੂਰਾ ਕਰਨ ਲਈ, ਸਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਨੂੰ ਆਪਣੇ ਪਿੱਛੇ ਜਾਇਦਾਦਾਂ ਅਤੇ ਆਪਣੀਆਂ ਪਿਆਰੀਆਂ ਤਰਜੀਹਾਂ ਨੂੰ ਛੱਡ ਕੇ ਜਾਣਾ ਹੋਵੇਗਾ। ਅਤੇ ਬਾਕੀਆਂ ਲਈ ਜਾਣ ਵਾਲਿਆਂ ਨੂੰ ਘੱਲਣ ਦੇ ਲਈ ਉਨ੍ਹਾਂ ਤੇ ਖ਼ਰਚ ਕੀਤਾ ਜਾਣ ਵਾਲਾ ਪੈਸੇ ਦੀ ਕੁਰਬਾਨੀ ਦੇ ਰੂਪ ਵਿਚ ਦੇ ਕੇ ਉਨ੍ਹਾਂ ਨੂੰ ਘੱਲਣਾ ਹੋਵੇਗਾ। ਜਾਣ ਅਤੇ ਭੇਜਣ ਵਾਲੇ ਦੋਵੇਂ ਹੀ ਸੇਵਕਾਂ ਦੀ ਭੂਮਿਕਾ ਨਿਭਾ ਰਹੇ ਹੋਣਗੇ। ਮਿਸ਼ਨ ਦੇ ਕੰਮਾਂ ਵਿਚ ਕੋਈ ਵੀ ਅਮੀਰ ਬਣਨ ਲਈ ਨਹੀਂ ਆਉਂਦਾ, ਅਤੇ ਨਾ ਹੀ ਕੋਈ ਅਮੀਰ ਬਣਨ ਲਈ ਦਿੰਦਾ ਹੈ। ਦੋਵੇਂ ਹੀ ਮਸੀਹ ਦੇ ਸੇਵਕਾਂ ਦੇ ਰੂਪ ਵਿਚ ਕੰਮ ਕਰਦੇ ਹਨ।

ਜਿਸ ਸੰਦੇਸ਼ ਦਾ ਅਸੀਂ ਪ੍ਰਚਾਰ ਕਰਦੇ ਹਾਂ, ਉਹ ਸਾਡਾ ਆਪਣਾ ਨਹੀਂ ਹੈ। ਅਸੀਂ ਕੋਈ ਪੱਤਰੀ ਨਹੀਂ ਲਿਖੀ, ਅਸੀਂ ਤਾਂ ਸਿਰਫ਼ ਲੋਕਾਂ ਦੇ ਸੇਵਕ ਹਾਂ, ਜੋ ਮਸੀਹ ਦੇ ਲਿਖੇ ਪੱਤਰ ਲੋਕਾਂ ਨੂੰ ਪਹੁੰਚਾਉਂਦੇ ਹਾਂ। ਇਸ ਗੱਲ ਦਾ ਧਿਆਨ ਰੱਖਦੇ ਹਾਂ ਕਿ ਜੋ ਸੰਦੇਸ਼ ਉਸਨੇ ਘੱਲਿਆ ਹੈ; ਉਸ ਨੂੰ ਤੋੜਿਆ ਮਰੋੜਿਆ ਜਾਂ ਲੁਕਾਇਆ ਨਾ ਜਾਏ। ਸਾਨੂੰ ਆਪਣੇ ਰਾਜੇ ਵੱਲੋਂ ਇਸ ਨੂੰ ਦੁਬਾਰਾ ਲਿਖਣ ਦਾ ਹੁਕਮ ਨਹੀਂ ਹੈ। ਸਾਨੂੰ ਸਿਰਫ਼ ਇਹ ਧਿਆਨ ਰੱਖਣ ਦਾ ਹੁਕਮ ਹੈ ਕਿ ਇਸਨੂੰ ਇਸੇ ਰੂਪ ਵਿਚ ਲੋਕਾਂ ਤਕ ਪਹੁੰਚਾਇਆ ਜਾਵੇ। ਇਸ ਲਈ ਉਸ ਦਯਾ ਅਤੇ ਪਿਆਰ ਕਰਕੇ, ਅਸੀਂ ਹਰ ਸੰਭਵ ਢੰਗ ਨਾਲ ਉਸਦੇ ਸੰਦੇਸ਼ ਨੂੰ ਲਿਖ ਕੇ, ਰੇਡੀਓ ਅਤੇ ਟੀਵੀ ਤੋਂ, ਪੁਲਪਿਟ ਤੋਂ, ਲੋਕਾਂ ਨਾਲ ਮਿਲ ਕੇ ਅਤੇ ਆਪਣਾ ਨਮੂਨਾ ਦੇ ਕੇ ਸਮਝਾਉਂਦੇ ਹਾਂ। ਅਸੀਂ ਉਹਦੇ ਸੰਦੇਸ਼ ਨੂੰ ਆਪਣੀ ਨਿਜੀ ਸਹੂਲਤ ਅਤੇ ਸੁਪਨਿਆਂ ਤੋਂ ਤਰਜੀਹ ਦਿੰਦੇ ਹਾਂ। ਇਸਦੇ ਪ੍ਰਚਾਰ ਲਈ, ਅਸੀਂ ਆਪਣੀਆਂ ਯੋਗਤਾਵਾਂ, ਆਪਣਾ ਧਨ, ਆਪਣਾ ਸਮਾਂ, ਆਪਣਾ ਦਿਲ, ਆਪਣੇ ਹੱਥ, ਆਪਣੇ ਪੈਰ ਅਤੇ ਆਪਣੇ ਮਨ ਵੀ ਦੇ ਦਿੰਦੇ ਹਾਂ।

ਸਾਡਾ ਰਾਜਾ ਦੂਜੇ ਰਾਜਿਆਂ ਨਾਲੋਂ ਬਿਲਕੁਲ ਫ਼ਰਕ ਹੈ। ਉਹ ਸਭ ਦਾ ਰਾਜਾ ਅਤੇ ਸਿਰਜਣਹਾਰ ਅਤੇ ਸਾਰੀ ਸਰਿਸ਼ਟੀ ਦਾ ਸੰਭਾਲਣ ਵਾਲਾ ਹੈ। ਫਿਰ ਵੀ ਸਾਡੇ ਵਿਚ ਸੇਵਕ ਬਣ ਕੇ ਰਿਹਾ। ਇਹ ਸਚਿਆਈ ਖ਼ਾਸ ਤੌਰ ਤੇ ਆਖ਼ਰੀ ਭੋਜ ਸਮੇਂ ਯਿਸੂ ਵੱਲੋਂ ਆਪਣੇ ਚੇਲਿਆਂ ਦੇ ਪੈਰ ਧੋਣ ਦੀ ਘਟਨਾ ਵਿਚ ਸਾਹਮਣੇ ਆਈ (ਯੂਹੰਨਾ 13:1-16)। ਜਦ ਧਰਤੀ ਦਾ ਕੋਈ ਰਾਜਾ ਲੋਕਾਂ ਵਿਚ ਆਉਂਦਾ ਹੈ ਤਾਂ ਪਰਜਾ ਉਹਦੇ ਸਾਹਮਣੇ ਝੁੱਕ ਕੇ ਉਹਦੇ ਪੈਰ ਛੂਹਣ ਵਿਚ ਲੱਗ ਜਾਂਦੀ ਹੈ। ਜਦ ਪੋਪ ਆਪਣੇ ਲੋਕਾਂ ਵਿਚ ਆਉਂਦਾ ਹੈ ਤਾਂ ਲੋਕ ਉਹਦਾ ਹੱਥ ਚੁੰਮਣਾ ਚਾਹੁੰਦੇ ਹਨ। ਪਰ ਜਦ ਮਸੀਹ ਆਪਣੀ ਮੌਤ ਤੋਂ ਪਹਿਲਾਂ ਦੀ ਰਾਤ ਆਪਣੇ ਚੇਲਿਆਂ ਦੇ ਨਾਲ ਸੀ ਤਾਂ ਉਸਨੇ ਇਕ ਭਾਂਡੇ ਵਿਚ ਪਾਣੀ ਲੈ ਕੇ ਉਨ੍ਹਾਂ ਦੇ ਪੈਰ ਧੋਤੇ ਸਨ।

ਉਸਨੇ ਉਨ੍ਹਾਂ ਦੇ ਪੈਰ ਕਿਉਂ ਧੋਤੇ? ਇਸ ਲਈ ਨਹੀਂ ਕਿ ਉਹਦੇ ਲਈ ਅਜਿਹਾ ਕਰਨਾ ਜ਼ਰੂਰੀ ਸੀ ਜਾਂ ਕੋਈ ਹੋਰ ਅਜਿਹਾ ਕਰ ਨਹੀਂ ਸਕਦਾ ਸੀ। ਉਸਨੇ ਉਨ੍ਹਾਂ ਦੇ ਪੈਰ ਸਿਰਫ਼ ਇਸ ਲਈ ਧੋਤੇ ਕਿਉਂਕਿ ਉਸਨੂੰ ਪਤਾ ਸੀ, ਅਜਿਹਾ ਨਮੂਨਾ ਉਹਦੇ ਕੰਮ ਆਵੇਗਾ। ਉਸਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਉਹ ਖ਼ੁਦਾ ਦਾ ਪੁੱਤਰ ਅਤੇ ਮਨੁੱਖਾਂ ਦਾ ਸੇਵਕ ਹੈ। ਉਹ ਸੇਵਕ ਦੇ ਰੂਪ ਵਿਚ ਹੀ ਮਰਿਆ। ਉਹਦੇ ਲਈ ਦੁਨੀਆਂ ਦੀ ਸੇਵਾ ਕਰਨਾ ਚੱਲਣ ਅਤੇ ਖਾਣਾ ਖਾਣ ਵਾਂਗ ਸੁਭਾਵਕ ਹੈ। ਉਹਦੇ ਚੇਲੇ ਹੋਣ ਕਰਕੇ ਸਾਨੂੰ ਆਪਣੇ ਸ਼ਗਿਰਦਾਂ ਵਰਗੀ ਜ਼ਿੰਦਗੀ ਜੀਣ ਲਈ ਆਖਦਾ ਹੈ:

> ਤੁਸੀਂ ਮੈਨੂੰ ਗੁਰੂ ਅਤੇ ਪ੍ਰਭੂ ਕਰਕੇ ਬੁਲਾਉਂਦੇ ਹੋ ਅਰ ਠੀਕ ਆਖਦੇ ਹੋ ਕਿਉਂ ਜੋ ਮੈਂ ਹਾਂ। ਸੋ ਜੇ ਮੈਂ ਗੁਰੂ ਅਤੇ ਪ੍ਰਭੂ ਹੋ ਕੇ ਤੁਹਾਡੇ ਪੈਰ ਧੋਤੇ ਤਾਂ ਚਾਹੀਦਾ ਹੈ ਜੋ ਤੁਸੀਂ ਭੀ ਇਕ ਦੂਏ ਦੇ ਪੈਰ ਧੋਵੋ। ਇਸ ਲਈ ਜੋ ਮੈਂ ਤੁਹਾਨੂੰ ਇਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਭਈ ਨੌਕਰ ਆਪਣੇ ਮਾਲਕ ਤੋਂ ਵੱਡਾ ਨਹੀਂ, ਨਾ ਭੇਜਿਆ ਹੋਇਆ ਆਪਣੇ ਭੇਜਣ ਵਾਲੇ ਤੋਂ (ਯੂਹੰਨਾ 13:13-16)।

ਸਾਨੂੰ ਯਿਸੂ ਵਾਂਗ ਹੀ ਚੱਲਣਾ ਚਾਹੀਦਾ ਹੈ। ਸੇਵਾ ਕਰਨ ਵਾਲੀ ਮਸੀਹੀ ਜ਼ਿੰਦਗੀ ਦੇ ਮਕਸਦ ਅਤੇ ਸੰਦੇਸ਼ ਦਾ ਐਨਾ ਡੂੰਘਾ ਸਬੰਧ ਹੈ ਕਿ ਅਸੀਂ ਦੂਜਿਆਂ ਦੀ ਸੇਵਾ ਕਰਨਾ ਵਿਚਾਰ ਕੀਤੇ ਬਗ਼ੈਰ ਸੱਚੀ ਜ਼ਿੰਦਗੀ ਜੀ ਹੀ ਨਹੀਂ ਸਕਦੇ।

ਜੇ ਤੁਸੀਂ ਹੈਰਾਨ ਹੋ ਕਿ ਤੁਸੀਂ ਸੇਵਕ ਬਣਕੇ ਕਿਵੇਂ ਰਹਿ ਸਕਦੇ ਹੋ, ਤਾਂ ਸਿਰਫ਼ ਉਹੀ ਕਰੋ ਜੋ ਮਸੀਹ ਤੁਹਾਨੂੰ ਕਰਨ ਲਈ ਆਖਦਾ ਹੈ। ਤੁਸੀਂ ਵੇਖੋਗੇ ਕਿ ਤੁਸੀਂ ਉਹਦੀ ਇੱਛਿਆ ਨੂੰ ਸੇਵਕ ਬਣੇ ਬਗ਼ੈਰ ਨਹੀਂ ਸਿਖਾ ਸਕਦੇ। ਦੂਜਿਆਂ ਨੂੰ ਇੰਜੀਲ ਤੁਸੀਂ ਸੇਵਕ ਬਣੇ ਬਗ਼ੈਰ ਨਹੀਂ ਸਿਖਾ ਸਕਦੇ। ਤੁਸੀਂ ਸੇਵਕ ਬਣੇ ਬਗ਼ੈਰ ਗ਼ਰੀਬਾਂ ਦੀ ਸੰਭਾਲ ਉਵੇਂ ਹੀ ਨਹੀਂ ਕਰ ਸਕਦੇ ਜਿਵੇਂ ਉਸਨੇ ਕਰਨ ਲਈ ਕਿਹਾ ਹੈ; ਸੇਵਕ ਵਾਲੇ ਮਨ ਦੇ ਬਗੈਰ ਤੁਸੀਂ ਉਸ ਮਕਸਦ ਨੂੰ ਪੂਰਾ ਨਹੀਂ ਕਰ ਸਕਦੇ ਜੋ ਉਸਨੇ ਤੁਹਾਨੂੰ ਦਿੱਤਾ ਹੈ।

## ਸਾਰ

ਨਵਾਂ ਨੇਮ ਇਹ ਸਾਫ਼ ਕਰਦਾ ਹੈ ਕਿ ਕਲੀਸੀਆ ਮਸੀਹ ਦੇ ਸੇਵਕਾਂ ਨਾਲ ਬਣਦੀ ਹੈ। ਨਾਂਅ ਵਿਚ, ਇੱਛਿਆ ਵਿਚ ਅਤੇ ਵਿਖਾਉਣ ਵਾਸਤੇ ਅਸੀਂ ਉਸਦੇ ਸੇਵਕ ਹਾਂ। ਸਲੀਬ ਦੇ ਹੇਠਾਂ ਵਾਲੀ ਜ਼ਮੀਨ ਪੱਧਰੀ ਹੈ। ਕੋਈ ਸੇਵਕ ਦੂਜੇ ਤੋਂ ਉੱਚਾ ਨਹੀਂ ਹੈ ਅਤੇ ਨਾ ਹੀ ਕਿਸੇ ਸੇਵਕ ਨੂੰ ਦੂਸਰੇ ਸੇਵਕ ਤੋਂ ਨੀਵਾਂ ਕੀਤਾ ਗਿਆ ਹੈ। ਅਸੀਂ ਸਭ ਸੇਵਕ ਹਾਂ।

ਕਲੋਵਿਸ ਚੈਪਲ ਨੇ ਜਹਾਜ਼ ਰਾਹੀਂ ਸਮੁੰਦਰ ਪਾਰ ਕਰਨ ਦੀ ਗੱਲ ਦੱਸੀ। ਉਸਨੇ ਪਹਿਲੀ ਵਾਰ ਸਮੁੰਦਰੀ ਸਫ਼ਰ ਕੀਤਾ ਸੀ ਜੋ ਉਸਨੂੰ ਬਹੁਤ ਲੰਮਾ ਲੱਗਾ ਸੀ। ਇਸ ਸਮੁੰਦਰੀ ਸਫ਼ਰ ਵਿਚ ਉਹ ਐਨਾ ਕਮਜ਼ੋਰ ਹੋ ਗਿਆ ਕਿ ਖਲੋ ਵੀ ਨਹੀਂ ਸਕਦਾ ਸੀ। ਉਸਨੇ ਦੱਸਿਆ ਕਿ ਉਹਦਾ ਸੌਣ ਵਾਲਾ ਥਾਂ ਸਭ ਤੋਂ ਉੱਪਰ ਸੀ ਅਤੇ ਉੱਥੇ ਸੌਣਾ ਉਹਦੇ ਲਈ ਸੁੱਖਦਾਈ ਨਹੀਂ ਸੀ। ਉਸਨੇ ਦੱਸਿਆ ਕਿ ਉਸਨੂੰ ਲੱਗਾ ਕਿ ਉਹ ਮਰਨ ਵਾਲਾ ਹੈ। ਉਹਦੇ ਹੇਠਲੀ ਸੀਟ ਵਾਲੇ ਆਦਮੀ ਨੇ ਜੋ ਉਹਦੇ ਲਈ ਬਿਲਕੁਲ ਹੀ ਓਪਰਾ ਸੀ ਵੇਖਿਆ ਕਿ ਕਿੰਨਾ ਬੀਮਾਰ ਹੈ ਅਤੇ ਉਸ ਤਰਸ ਨਾਲ ਜੋ ਉਸ ਨੂੰ ਸਾਹ ਦੇਣ ਵਾਲਾ, ਸੁਝਾਓ ਦਿੱਤਾ ਕਿ ਅਸੀਂ ਆਪਸ ਵਿਚ ਸੀਟ ਬਦਲ ਲੈਂਦੇ ਹਾਂ। ਫਿਰ ਉਹ ਉਹਦੀ ਮਦਦ ਇਵੇਂ ਕਰਨ ਲੱਗਾ ਜਿਵੇਂ ਕੋਈ ਨਰਸ ਕਿਸੇ ਬੀਮਾਰ ਦੀ ਕਰਦੀ ਹੈ। ਚੈਪਲ ਦੀ ਕਿਸੇ ਬੇਨਤੀ ਦੇ ਬਗੈਰ ਹੀ, ਉਸਨੇ ਬੜੀ ਕੋਮਲਤਾ ਨਾਲ ਛੇਤੀ-ਛੇਤੀ ਜੋ ਮਦਦ ਕਰ ਸਕਦਾ ਸੀ, ਕੀਤੀ। ਚੈਪਲ ਨੇ ਦੱਸਿਆ ਕਿ ਉਹ ਉਸ ਆਦਮੀ ਨੂੰ ਸਾਲਾਂ ਤਕ ਯਾਦ ਕਰਦਾ ਰਿਹਾ ਕਿਉਂਕਿ ਉਹਦੇ ਲਈ ਸੇਵਾ ਕਰਨਾ ਜ਼ਿੰਦਗੀ ਦਾ ਇਕ ਦਸਤੂਰ ਸੀ। ਉਹ ਜ਼ਰੂਰ ਹੀ ਸੇਵਕ ਵਾਂਗ ਸੋਚਦਾ ਅਤੇ ਇਸ ਕਰਕੇ ਉਹ ਜਿੱਥੇ ਵੀ ਗਿਆ ਭਾਵੇਂ ਉਹ ਘਰ ਹੋਵੇ ਜਾਂ ਬਾਹਰ, ਸੇਵਕ ਬਣ ਕੇ ਹੀ ਰਿਹਾ।

ਮਸੀਹ ਦੇ ਚੇਲਿਆਂ ਨੂੰ ਸੇਵਕ ਬਣਨਾ, ਵਾਲਾਂ ਵਿਚ ਕੰਘੀ ਕਰਨਾ, ਪੈਦਲ ਚੱਲਣ ਵਾਂਗ ਸੁਭਾਵਕ ਲੱਗਣਾ ਚਾਹੀਦਾ ਹੈ। ਓਨਾ ਹੀ ਸੁਭਾਵਕ ਜਿੰਨਾ ਪਾਣੀ ਦਾ ਗਿਲਾਸ ਪੀਣਾ ਜਾਂ ਖਾਣਾ ਖਾਣਾ। ਸਾਡੀਆਂ ਜ਼ਿੰਦਗੀਆਂ ਆਤਮ ਕੇਂਦਰਤ ਤੋਂ ਪੁੱਤਰ ਕੇਂਦਰਤ ਹੋ ਗਈਆਂ ਹਨ। ਅਤੇ ਇਸਦਾ ਮਤਲਬ ਇੱਕੋ ਹੋਣਾ ਚਾਹੀਦਾ ਹੈ, ਸੇਵਕ ਬਣਨਾ!

ਪਾਪੀਆਂ ਲਈ ਮਸੀਹ ਦਾ ਸੱਦਾ ਹਮੇਸ਼ਾ ਲਈ ਬਚਾਏ ਜਾਣ ਅਤੇ ਸੇਵਕ ਬਣਨ ਲਈ ਆਉਂਦਾ ਹੈ। ਉਹ ਸਾਨੂੰ ''ਆਓ'' (ਮੱਤੀ 11:28, 29) ਅਤੇ ''ਜਾਓ'' (ਮੱਤੀ 28:19, 20) ਆਖਦਾ ਹੈ। ਉਹ ਆਉਣ ਵਾਲੇ ਹਰ ਕਿਸੇ ਨੂੰ ਕਬੂਲ ਕਰਦਾ ਹੈ ਅਤੇ ਕਿਸੇ ਨੂੰ ਵੀ ਅਜਿਹਾ ਨਹੀਂ ਛੱਡਦਾ ਜਿਹੋ ਜਿਹਾ ਉਹ ਉਹਦੇ ਕੋਲ਼ ਆਉਣ ਵੇਲੇ ਹੁੰਦਾ ਸੀ। ਉਹ ਸਾਨੂੰ ਪਾਪੀਆਂ ਦੇ ਰੂਪ ਵਿਚ ਕਬੂਲ ਕਰਦਾ ਹੈ, ਪਰ ਸੇਵਕਾਂ ਵਿਚ ਬਦਲ ਦਿੰਦਾ ਹੈ। ਇਸ ਲਈ ਉਸਦੀ ਸੱਚੀ ਕਲੀਸੀਆ ਸੇਵਕ ਦੇ ਸੇਵਕਾਂ ਨਾਲ ਬਣੀ ਹੈ।

ਕੀ ਤੁਸੀਂ ਮਸੀਹ ਦੇ ਸੇਵਕ ਹੋ?

## ਅਧਿਐਨ ਅਤੇ ਚਰਚਾ ਲਈ ਸਵਾਲ

1. ਸੰਖੇਪ ਵਿਚ ''ਸੇਵਕ'' ਦੀ ਪਰਿਭਾਸ਼ਾ ਦੱਸੋ।
2. ''ਅਸੀਂ ਅਜ਼ਾਦ ਹੋਣ ਦੇ ਬਾਵਜੂਦ ਮਸੀਹ ਦੇ ਦਾਸ ਹਾਂ'' ਕਥਨ ਤੇ ਚਰਚਾ ਕਰੋ।
3. ਦੱਸੋ ਕਿ ਮਸੀਹ ਦੇ ਅਨੁਸਾਰ ਸੇਵਕ ਹੋਣਾ ਕਿਵੇਂ ਮਹਾਨ ਬਣਨ ਵੱਲ ਲੈ ਜਾਂਦਾ ਹੈ (ਮੱਤੀ 20:25, 26)।
4. ''ਧਰਮ ਦੇ ਸੇਵਕ'' ਹੋਣ ਦਾ ਕੀ ਅਰਥ ਹੈ?
5. ਅਸੀਂ ਮਸੀਹ ਦੇ ਕਿਉਂ ਹਾਂ?
6. ਮਸੀਹ ਦੇ ਭੈ ਵਿਚ ਇਕ ਦੂਜੇ ਦੇ ''ਅਧੀਨ'' ਹੋਣ ਦਾ ਕੀ ਅਰਥ ਹੈ?
7. ਕੋਈ ਆਪਣੇ ਭਰਾ ਦਾ ਨਾਸ ਭੋਜਨ ਨਾਲ ਕਿਵੇਂ ਕਰ ਸਕਦਾ ਹੈ?
8. ''ਭਰੱਪਣ ਦੇ ਪ੍ਰੇਮ ਵਿਚ ਇਕ ਦੂਜੇ ਦੇ ਅਧੀਨ'' ਹੋਣ ਤੋਂ ਕੀ ਭਾਵ ਹੈ?
9. ਕਲੀਸੀਆ ਨੂੰ ਮਸੀਹ ਦੇ ਸੇਵਕ ਬਣਨ ਦੀ ਇੱਛਿਆ ਕਿਉਂ ਕਰਨੀ ਚਾਹੀਦੀ ਹੈ?
10. ਅਸੀਂ ਤਿੰਨ ਤਰ੍ਹਾਂ ਨਾਲ ਮਸੀਹ ਦੇ ਕਰਜ਼ਦਾਰ ਕਿਵੇਂ ਹਾਂ?

11. ‘‘ਮਸੀਹ ਸਾਡੇ ਵਿਚ’’ ਜ਼ਿੰਦਗੀ ਦੇ ਤੌਰ ਤੇ ਮਸੀਹੀ ਜ਼ਿੰਦਗੀ ਦੀ ਵਿਆਖਿਆ ਕਰੋ।
12. ਆਪਣੇ ਆਪ ਨੂੰ ਖਾਲੀ ਕਰਨ ਵਾਲਾ ਮਨ ਕਿਹੜਾ ਹੁੰਦਾ ਹੈ?
13. ਭਲਾ ਸੇਵਕ ਬਣੇ ਬਗ਼ੈਰ ਮਸੀਹ ਦੇ ਉਸ ਮਕਸਦ ਨੂੰ ਜੋ ਉਸਨੇ ਸਾਨੂੰ ਦਿੱਤਾ ਹੈ ਪੂਰਾ ਕੀਤਾ ਜਾ ਸਕਦਾ ਹੈ?
14. ਮਸੀਹ ਆਪਣੇ ਚੇਲਿਆਂ ਦੇ ਪੈਰ ਧੋ ਕੇ ਕੀ ਸਿਖਾਉਂਣਾ ਚਾਹ ਰਿਹਾ ਸੀ?
15. ‘‘ਸਲੀਬ ਦੇ ਹੇਠਾਂ ਦੀ ਜ਼ਮੀਨ ਪੱਧਰੀ ਹੈ’’ ਤੋਂ ਕੀ ਭਾਵ ਹੈ?